# ਡਾਇਗਨੋਸਟਿਕ ਹੀਅਰਿੰਗ ਮੁਲਾਂਕਣ ਰੈਫ਼ਰਲ

## ਤੁਹਾਡੇ ਬੱਚੇ ਦੇ ਡਾਇਗਨੌਸਟਿਕ ਮੁਲਾਂਕਣ ਲਈ ਅਪੌਇੰਟਮੈਂਟ:

**ਬੱਚੇ ਦਾ ਨਾਮ:** ________________________________________________

**ਅਪੌਇੰਟਮੈਂਟ ਦੀ ਤਾਰੀਖ਼:** ______________________ **ਸਮਾਂ:** ______________________

**ਸਥਾਨ:** ________________________________________________

**ਸੰਪਰਕ ਨੰਬਰ:** ________________________________________________

*ਜੇਕਰ ਤੁਹਾਨੂੰ ਆਪਣੀ ਅਪੌਇੰਟਮੈਂਟ ਮੁੜ-ਨਿਰਧਾਰਤ ਕਰਨੀ ਹੋਵੇ ਤਾਂ ਕਿਰਪਾ ਕਰਕੇ ਕਾੱਲ ਕਰੋ।*

## ਮੇਰੇ ਬੱਚੇ ਨੂੰ ਡਾਇਗਨੌਸਟਿਕ ਹੀਅਰਿੰਗ ਮੁਲਾਂਕਣ ਦੀ ਲੋੜ ਕਿਉਂ ਹੈ?

ਤੁਹਾਡਾ ਬੱਚਾ ਸੁਣਨ ਦੀ ਜਾਂਚ ਵਿੱਚ ਸਫਲ ਨਹੀਂ ਹੋਇਆ ਹੈ ਜਾਂ ਤੁਹਾਡੇ ਬੱਚੇ ਦੇ ਸਿਹਤ ਸੰਭਾਲ ਪ੍ਰਦਾਤਾ ਨੇ ਡਾਇਗਨੌਸਟਿਕ ਹੀਅਰਿੰਗ ਮੁਲਾਂਕਣ ਦੀ ਬੇਨਤੀ ਕੀਤੀ ਹੋ ਸਕਦੀ ਹੈ। ਸੁਣਨ ਦੀ ਜਾਂਚ ਵਿੱਚ ਬਹੁਤ ਸਾਰੀਆਂ ਚੀਜ਼ਾਂ ਵਿਘਨ ਪਾ ਸਕਦੀਆਂ ਹਨ, ਉਦਾਹਰਨ ਲਈ, ਕਮਰੇ ਵਿੱਚ ਸ਼ੋਰ ਜਾਂ ਇੱਕ ਸਰਗਰਮ ਬੱਚਾ। ਇਹ ਪਤਾ ਲਗਾਉਣ ਲਈ ਕਿ ਤੁਹਾਡਾ ਬੱਚਾ ਕਿਵੇਂ ਸੁਣਦਾ ਹੈ, ਇਸ ਲਈ ਜਿੰਨੀ ਜਲਦੀ ਹੋ ਸਕੇ ਇੱਕ ਸੰਪੂਰਨ ਸੁਣਨ ਦੀ ਜਾਂਚ ਕਰਵਾਉਣਾ ਮਹੱਤਵਪੂਰਨ ਹੈ।

## ਕਿੰਨੇ ਬੱਚਿਆਂ ਨੂੰ ਸੁਣਨ ਦੀ ਸਮੱਸਿਆ ਹੁੰਦੀ ਹੈ?

ਜ਼ਿਆਦਾਤਰ ਬੱਚੇ ਆਮ ਸੁਣਨ ਦੀ ਸਮਰੱਥਾ ਨਾਲ ਪੈਦਾ ਹੁੰਦੇ ਹਨ। ਹਾਲਾਂਕਿ, 1,000 ਬੱਚਿਆਂ ਵਿੱਚੋਂ ਲਗਭਗ 2-4 ਬੱਚਿਆਂ ਵਿੱਚ ਸੁਣਨ ਦੀ ਗੰਭੀਰ ਸਮੱਸਿਆ ਹੋ ਸਕਦੀ ਹੈ। ਸੁਣਨ ਦੀ ਸਮਰੱਥਾ ਦੀ ਸਮੱਸਿਆ ਵਾਲੇ ਲਗਭਗ 50% ਬੱਚਿਆਂ ਵਿੱਚ ਕੋਈ ਜਾਣੇ-ਪਛਾਣੇ ਲੱਛਣ ਜਾਂ ਜੋਖ਼ਮ ਦੇ ਕਾਰਕ ਨਹੀਂ ਹੁੰਦੇ, ਜਿਵੇਂ ਕਿ ਗੰਭੀਰ ਬਿਮਾਰੀ ਜਾਂ ਬੋਲ਼ੇਪਣ ਦਾ ਪਰਿਵਾਰਕ ਇਤਿਹਾਸ। ਜਨਮ ਤੋਂ ਪਹਿਲਾਂ, ਬਚਪਨ ਦੇ ਦੌਰਾਨ ਜਾਂ ਬਚਪਨ ਵਿੱਚ ਬਹੁਤ ਸਾਰੀਆਂ ਸਥਿਤੀਆਂ ਹੋ ਸਕਦੀਆਂ ਹਨ ਜੋ ਬੱਚੇ ਦੀ ਸੁਣਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਬਚਪਨ ਵਿੱਚ ਸੁਣਨ ਦੀ ਸ਼ਕਤੀ ਵਿੱਚ ਸਮੱਸਿਆ ਵਾਰ-ਵਾਰ ਕੰਨਾਂ ਦੀ ਲਾਗ, ਮੈਨਿਨਜਾਈਟਿਸ, ਸਿਰ ਦੀ ਸੱਟ ਜਾਂ ਹੋਰ ਮੈਡੀਕਲ ਸਥਿਤੀਆਂ ਦਾ ਨਤੀਜਾ ਹੋ ਸਕਦੀ ਹੈ।

ਜੀਵਨ ਬਚਾਉਣ ਵਾਲੀਆਂ ਦਵਾਈਆਂ ਵੀ ਸੁਣਨ ਦੀ ਸਮਰੱਥਾ ਦਾ ਨੁਕਸਾਨ ਕਰ ਸਕਦੀਆਂ ਹਨ। ਕਈ ਵਾਰ ਬੱਚੇ ਆਪਣੀ ਸੁਣਨ ਦੀ ਸਮਰੱਥਾ ਗੁਆ ਦਿੰਦੇ ਹਨ, ਅਤੇ ਇਸਦਾ ਕਾਰਨ ਕਦੇ ਪਤਾ ਨਹੀਂ ਲੱਗਦਾ। ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਆਪਣੇ ਬੱਚੇ ਦੇ ਡਾਕਟਰ ਨਾਲ ਗੱਲ ਕਰੋ।

## ਬੱਚੇ ਦੀ ਜਾਂਚ ਕਿਉਂ ਕਰਨੀ ਚਾਹੀਦੀ ਹੈ?

ਸੁਣਨ ਦੀ ਸਮਰੱਥਾ ਵਿੱਚ ਸਮੱਸਿਆ ਦਾ ਪਤਾ ਜ਼ਿੰਦਗੀ ਵਿੱਚ ਜਲਦੀ ਤੋ ਜਲਦੀ ਲੱਗਣਾ ਚਾਹੀਦਾ ਹੈ। ਬੱਚੇ ਦੀ ਜ਼ਿੰਦਗੀ ਦੇ ਪਹਿਲੇ ਕੁਝ ਮਹੀਨੇ ਉਸਦੀ ਬੋਲਚਾਲ ਅਤੇ ਸਮਝਣ ਦੀ ਸਮਰੱਥਾ ਵਿਕਸਿਤ ਕਰਨ ਲਈ ਬਹੁਤ ਜ਼ਰੂਰੀ ਹੁੰਦੇ ਹਨ। ਜਿਸ ਬੱਚੇ ਨੂੰ ਸੁਣਨ ਦੀ ਸਮਰੱਥਾ ਵਿੱਚ ਸਮੱਸਿਆ ਜਾਂ ਬਹਿਰਾਪਣ ਹੋਵੇ, ਉਸਨੂੰ ਭਾਸ਼ਾ ਦੀ ਸਮਰੱਥਾ ਵਿਕਸਿਤ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ ਜਾਂ ਉਹ

ਸਕੂਲ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕਦਾ। ਜਿੰਨੀ ਜਲਦੀ ਬੱਚੇ ਦੀ ਸੁਣਨ ਦੀ ਸਮਰੱਥਾ ਦੀ ਸਮੱਸਿਆ ਦਾ ਪਤਾ ਲਗਾਇਆ ਜਾਂਦਾ ਹੈ, ਓਨੀ ਹੀ ਜਲਦੀ ਮਦਦ ਪ੍ਰਦਾਨ ਕੀਤੀ ਜਾ ਸਕਦੀ ਹੈ।

## ਡਾਇਗਨੌਸਟਿਕ ਹੀਅਰਿੰਗ ਮੁਲਾਂਕਣ ਕੀ ਹੁੰਦਾ ਹੈ?

ਇੱਕ ਡਾਇਗਨੌਸਟਿਕ ਸੁਣਨ ਦੀ ਸਮਰੱਥਾ ਮੁਲਾਂਕਣ ਤੁਹਾਡੇ ਬੱਚੇ ਦੀ ਸੁਣਨ ਦੀ ਸਮਰੱਥਾ ਦੀ ਜਾਂਚ ਕਰਨ ਲਈ ਇੱਕ ਹੋਰ ਕਦਮ ਹੈ। ਇਸ ਮੁਲਾਂਕਣ ਵਿੱਚ ਤੁਹਾਡੇ ਬੱਚੇ ਦੀ ਸੁਣਨ ਦੀ ਸਮਰੱਥਾ ਦੀ ਪੂਰੀ ਤਸਵੀਰ ਪ੍ਰਾਪਤ ਕਰਨ ਲਈ ਕਈ ਟੈਸਟ ਸ਼ਾਮਲ ਹਨ। ਇਹ ਮੁਲਾਂਕਣ ਇੱਕ ਆਡੀਓਲੋਜਿਸਟ ਦੁਆਰਾ ਪੂਰਾ ਕੀਤਾ ਜਾਵੇਗਾ, ਜੋ ਕਿ ਇੱਕ ਸਿਹਤ ਸੰਭਾਲ ਪੇਸ਼ੇਵਰ ਹੈ ਜੋ ਸੁਣਨ ਦੀ ਸਮਰੱਥਾ ਵਿੱਚ ਮਾਹਰ ਹੈ।

## ਡਾਇਗਨੌਸਟਿਕ ਹੀਅਰਿੰਗ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ?

ਜਦੋਂ ਤੁਹਾਡਾ ਬੱਚਾ ਆਰਾਮ ਕਰ ਰਿਹਾ ਹੁੰਦਾ ਹੈ ਜਾਂ ਸੌਂ ਰਿਹਾ ਹੁੰਦਾ ਹੈ, ਤਾਂ ਬੱਚਿਆਂ ਦੀ ਸੁਣਨ ਦੀ ਸਮਰੱਥਾ ਦੀ ਜਾਂਚ ਕਰਨ ਲਈ ਖਾਸ ਤੌਰ 'ਤੇ ਬਣਾਏ ਗਏ ਈਅਰਫੋਨ ਰਾਹੀਂ ਨਰਮ ਆਵਾਜ਼ਾਂ ਵਜਾਉਣ ਲਈ ਵਿਸ਼ੇਸ਼ ਉਪਕਰਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪੂਰੀ ਪ੍ਰਕਿਰਿਆ ਦਰਦ ਰਹਿਤ ਹੈ। ਤੁਹਾਡੇ ਬੱਚੇ ਦੀਆਂ ਆਵਾਜ਼ਾਂ ਪ੍ਰਤੀ ਪ੍ਰਤੀਕਿਰਿਆਵਾਂ ਇਲੈਕਟ੍ਰਾਨਿਕ ਤੌਰ 'ਤੇ ਕੰਨਾਂ ਦੇ ਟੁਕੜਿਆਂ ਰਾਹੀਂ ਜਾਂ ਸਿਰ 'ਤੇ ਚਿਪਚਿਪੇ ਪੈਡਾਂ ਦੁਆਰਾ ਜੁੜੀਆਂ ਛੋਟੀਆਂ ਤਾਰਾਂ ਰਾਹੀਂ ਰਿਕਾਰਡ ਕੀਤੀਆਂ ਜਾਂਦੀਆਂ ਹਨ। ਕਿਉਂਕਿ ਜ਼ਿਆਦਾ ਟੈਸਟ ਕੀਤੇ ਜਾਂਦੇ ਹਨ, ਇੱਕ ਡਾਇਗਨੌਸਟਿਕ ਸੁਣਨ ਦੀ ਸਮਰੱਥਾ ਮੁਲਾਂਕਣ ਵਿੱਚ ਨਵਜਾਤ ਬੱਚਿਆਂ ਦੀ ਸੁਣਨ ਦੀ ਸਮਰੱਥਾ ਦੀ ਜਾਂਚ ਨਾਲੋਂ ਜ਼ਿਆਦਾ ਸਮਾਂ ਲੱਗਦਾ ਹੈ। ਇਹ ਸੰਭਵ ਹੈ ਕਿ ਤੁਸੀਂ ਇੱਕ ਘੰਟਾ ਜਾਂ ਵੱਧ ਸਮੇਂ ਲਈ ਦਫ਼ਤਰ ਵਿੱਚ ਹੋਵੋ ਅਤੇ ਤੁਹਾਨੂੰ ਦੂਜੀ ਅਪੌਇੰਟਮੈਂਟ ਲਈ ਵਾਪਸ ਆਉਣ ਦੀ ਲੋੜ ਪੈ ਸਕਦੀ ਹੈ।

## ਡਾਇਗਨੌਸਟਿਕ ਹੀਅਰਿੰਗ ਮੁਲਾਂਕਣਾਂ ਲਈ ਕੌਣ ਭੁਗਤਾਨ ਕਰਦਾ ਹੈ?

ਡਾਇਗਨੌਸਟਿਕ ਹੀਅਰਿੰਗ ਮੁਲਾਂਕਣ ਦੀ ਲਾਗਤ ਕਈ ਸਿਹਤ ਬੀਮਾ ਪਲੈਨਾਂ ਦੁਆਰਾ ਕਵਰ ਕੀਤੀ ਜਾਂਦੀ ਹੈ। ਯੋਗ ਬੱਚਿਆਂ ਦੇ ਮੁਲਾਂਕਣ ਲਈ Medi-Cal ਅਤੇ ਕੈਲੀਫੋਰਨੀਆ ਚਿਲਡਰਨ ਸਰਵਿਸਿਜ਼ (California Children's Services, CCS) ਭੁਗਤਾਨ ਕਰਨਗੇ। ਜੇਕਰ ਇਸ ਮੁਲਾਂਕਣ ਲਈ ਭੁਗਤਾਨ ਕਰਨ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਬੱਚੇ ਦੇ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ 1-877-388-5301 'ਤੇ ਕਾੱਲ ਕਰੋ।

## ਬੱਚੇ ਦੇ ਡਾਇਗਨੌਸਟਿਕ ਸੁਣਨ ਦੀ ਸਮਰੱਥਾ ਮੁਲਾਂਕਣ ਲਈ ਤਿਆਰੀ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ

ਜ਼ਿਆਦਾਤਰ ਡਾਇਗਨੌਸਟਿਕ ਹੀਅਰਿੰਗ ਮੁਲਾਂਕਣ ਦੇ ਦੌਰਾਨ ਤੁਹਾਡੇ ਬੱਚੇ ਨੂੰ ਆਰਾਮ ਨਾਲ ਸੌਣ ਦੀ ਲੋੜ ਹੁੰਦੀ ਹੈ। ਇਹ ਸੁਝਾਅ ਤੁਹਾਡੇ ਬੱਚੇ ਨੂੰ ਆਰਾਮ ਨਾਲ ਸੌਣ ਵਿੱਚ ਮਦਦ ਕਰ ਸਕਦੇ ਹਨ:

- ਕੋਸ਼ਿਸ਼ ਕਰੋ ਕਿ ਅਪੌਇੰਟਮੈਂਟ ਤੋਂ ਪਹਿਲਾਂ ਆਪਣੇ ਬੱਚੇ ਨੂੰ ਸੌਣ ਨਾ ਦਿਓ।
- ਟੈਸਟ ਕਰਨ ਤੋਂ ਠੀਕ ਪਹਿਲਾਂ ਆਪਣੇ ਬੱਚੇ ਨੂੰ ਦੁੱਧ ਪਿਲਾਉਣ ਨਾਲ ਉਸਨੂੰ ਨੀਂਦ ਆਉਣ ਵਿੱਚ ਮਦਦ ਮਿਲ ਸਕਦੀ ਹੈ।
- ਇੱਕ ਕੰਬਲ, ਵਾਧੂ ਡਾਇਪਰ, ਕੱਪੜੇ ਬਦਲਣ ਦਾ ਸਮਾਨ, ਅਤੇ ਜੇਕਰ ਵਰਤਿਆ ਜਾਵੇ ਤਾਂ ਵਾਧੂ ਫਾਰਮੂਲਾ ਲਿਆਓ।

- ਤੁਸੀਂ ਆਪਣੇ ਬੱਚੇ ਦੀ ਅਪੌਇੰਟਮੈਂਟ ਉਸ ਵੇਲੇ ਰੱਖਣ ਦੀ ਕੋਸ਼ਿਸ਼ ਕਰ ਸਕਦੇ ਹੋ, ਜਦੋਂ ਉਹ ਆਮ ਤੌਰ 'ਤੇ ਸੌਂਦਾ ਹੋਵੇ, ਜਿਵੇਂ ਦੁਪਹਿਰ ਦੀ ਨੀਂਦ (ਨੈਪ ਟਾਈਮ) ਦੇ ਸਮੇਂ।

## ਮੁਲਾਂਕਣ ਤੋਂ ਬਾਅਦ ਕੀ ਹੋਵੇਗਾ?

ਤੁਹਾਨੂੰ ਮੁਲਾਂਕਣ ਦੇ ਨਤੀਜਿਆਂ ਬਾਰੇ ਸੂਚਿਤ ਕੀਤਾ ਜਾਵੇਗਾ ਅਤੇ ਇੱਕ ਰਿਪੋਰਟ ਪ੍ਰਾਪਤ ਹੋਵੇਗੀ। ਤੁਹਾਡੇ ਬੱਚੇ ਦੇ ਸਿਹਤ ਸੰਭਾਲ ਪ੍ਰਦਾਤਾ ਨੂੰ ਵੀ ਇੱਕ ਰਿਪੋਰਟ ਭੇਜੀ ਜਾਵੇਗੀ। ਜੇਕਰ ਸੁਣਨ ਦੀ ਸਮਰੱਥਾ ਦੀ ਸਮੱਸਿਆ ਦਾ ਪਤਾ ਲੱਗਦਾ ਹੈ, ਤਾਂ ਤੁਹਾਨੂੰ ਵਿਸ਼ੇਸ਼ ਪ੍ਰੋਗਰਾਮਾਂ ਅਤੇ ਭਾਈਚਾਰਕ ਸਰੋਤਾਂ ਕੋਲ ਭੇਜਿਆ ਜਾਵੇਗਾ। ਕੈਲੀਫੋਰਨੀਆ ਦੇ ਨਵਜਾਤ ਬੱਚਿਆਂ ਦੀ ਹੀਅਰਿੰਗ ਸਕ੍ਰੀਨਿੰਗ ਪ੍ਰੋਗਰਾਮ ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ।

## ਬੱਚੇ ਦੇ ਵਿਕਾਸ ਨੂੰ ਦੇਖਣਾ

ਜੇਕਰ ਡਾਇਗਨੌਸਟਿਕ ਮੁਲਾਂਕਣ ਤੋਂ ਪਤਾ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਸੁਣਨ ਦੀ ਸਮਰੱਥਾ ਦੀ ਸਮੱਸਿਆ ਨਹੀਂ ਹੈ, ਤਾਂ ਵੀ ਤੁਹਾਨੂੰ ਆਪਣੇ ਬੱਚੇ ਦੇ ਵਧਣ ਦੇ ਨਾਲ-ਨਾਲ ਉਸਦੀ ਸੁਣਨ ਦੀ ਸਮਰੱਥਾ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਨਵਜਾਤ ਬੱਚਿਆਂ ਦੀ ਸੁਣਨ ਦੀ ਸਮਰੱਥਾ ਦੀ ਜਾਂਚ ਤੁਹਾਡੇ ਬੱਚੇ ਦੀ ਸੁਣਨ ਦੀ ਸਮਰੱਥਾ, ਬੋਲਣ ਸਮਰੱਥਾ ਅਤੇ ਭਾਸ਼ਾ ਦੀ ਪ੍ਰਗਤੀ ਨੂੰ ਦੇਖਣ ਲਈ ਸਿਰਫ਼ ਪਹਿਲਾ ਕਦਮ ਹੈ। ਕੁਝ ਬੱਚਿਆਂ ਨੂੰ ਜ਼ਿੰਦਗੀ ਦੇ ਬਾਅਦ ਵਿੱਚ ਸੁਣਨ ਦੀ ਸਮਰੱਥਾ ਦੀ ਸਮੱਸਿਆ ਹੋ ਜਾਂਦੀ ਹੈ, ਇਸ ਲਈ, ਇਹ ਧਿਆਨ ਦੇਣਾ ਹਮੇਸ਼ਾ ਮਹੱਤਵਪੂਰਨ ਹੁੰਦਾ ਹੈ ਕਿ ਤੁਹਾਡੇ ਬੱਚੇ ਦੀ ਭਾਸ਼ਾ ਅਤੇ ਬੋਲੀ ਕਿਵੇਂ ਵਿਕਸਿਤ ਹੁੰਦੀ ਹੈ।

## ਕੈਲੀਫੋਰਨੀਆ ਦਾ ਨਵਜਾਤ ਬੱਚਿਆਂ ਦੀ ਹੀਅਰਿੰਗ ਸਕ੍ਰੀਨਿੰਗ ਪ੍ਰੋਗਰਾਮ

ਕੈਲੀਫੋਰਨੀਆ ਦੇ ਨਵਜਾਤ ਬੱਚਿਆਂ ਦੀ ਹੀਅਰਿੰਗ ਸਕ੍ਰੀਨਿੰਗ ਪ੍ਰੋਗਰਾਮ (NHSP) ਦਾ ਮਕਸਦ ਇਹ ਹੈ ਕਿ ਉਹ ਬੱਚੇ ਜਿਨ੍ਹਾਂ ਵਿੱਚ ਸੁਣਨ ਦੀ ਸਮਰਥਾ ਵਿੱਚ ਘਾਟ ਹੈ, ਉਨ੍ਹਾਂ ਦੀ ਪਛਾਣ ਕੀਤੀ ਜਾਵੇ ਅਤੇ ਛੇ ਮਹੀਨੇ ਦੀ ਉਮਰ ਤੱਕ ਉਨ੍ਹਾਂ ਨੂੰ ਲਾਜ਼ਮੀ ਸੇਵਾਵਾਂ ਨਾਲ ਜੋੜਿਆ ਜਾਵੇ। ਇਸ ਪ੍ਰੋਗਰਾਮ ਵਿੱਚ ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਹਨ ਜੋ ਪਰਿਵਾਰਾਂ, ਸਿਹਤ ਸੰਭਾਲ ਪ੍ਰਦਾਤਾਵਾਂ ਅਤੇ ਹਸਪਤਾਲਾਂ ਨਾਲ ਮਿਲ ਕੇ ਇਹ ਯਕੀਨੀ ਬਣਾਉਣ ਲਈ ਕੰਮ ਕਰਦੇ ਹਨ ਕਿ ਬੱਚਿਆਂ ਨੂੰ ਲੋੜੀਂਦੀਆਂ ਸੇਵਾਵਾਂ ਮਿਲ ਸਕਣ।

NHSP ਸਿਹਤ ਅਤੇ ਸੁਰੱਖਿਆ ਕੋਡ ਦੀ ਧਾਰਾ 124119 ਦੇ ਅਨੁਸਾਰ ਤੁਹਾਡੇ ਬੱਚੇ ਦੀ ਸੁਣਨ ਦੀ ਸਮਰੱਥਾ ਦੀ ਜਾਂਚ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ। ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਇਸ ਜਾਣਕਾਰੀ ਦੀ ਵਰਤੋਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਕਰ ਸਕਦੇ ਹਨ। ਇਹ ਸੰਭਵ ਹੈ ਕਿ ਹੀਅਰਿੰਗ ਕੋਆਰਡੀਨੇਸ਼ਨ ਸੈਂਟਰ ਤੁਹਾਡੇ ਨਾਲ ਫਾਲੋ-ਅੱਪ ਸੇਵਾਵਾਂ ਬਾਰੇ ਸੰਪਰਕ ਕਰ ਸਕਦਾ ਹੈ। ਤੁਸੀਂ ਸਹਾਇਤਾ ਲਈ ਕਿਸੇ ਵੀ ਸਮੇਂ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ।

**ਨਵਜਾਤ ਬੱਚਿਆਂ ਦੀ ਹੀਅਰਿੰਗ ਜਾਂਚ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ,**

- ਟੋਲ ਫ੍ਰੀ 1-877-388-5301 'ਤੇ ਕਾਲ ਕਰੋ।
- ਜਾਂ ਸਾਡੀ ਵੈਬਸਾਈਟ [www.dhcs.ca.gov/services/nhsp](www.dhcs.ca.gov/services/nhsp) ' ਤੇ ਜਾਓ|